ਸਵ. ਸ. ਹਰਨੇਕ ਸਿੰਘ ਰੋਡੇ ਦੀ ਪੁਸਤਕ 'ਮੋਗਾ ਬੋਲਦਾ ਹੈ' ਦਾ ਛੇਵਾਂ ਕਾਂਢ ਪ੍ਰਕਾਸ਼ਿਤ ਕਰ ਰਹੇ ਹਾਂ। ਇਥੇ ਪਾਠਕਾਂ ਦੀ ਜਾਣਕਾਰੀ ਲਈ ਇਹ ਦੱਸਣਾ ਜ਼ਰੂਰੀ ਹੈ ਕਿ ਇਹ ਪੁਸਤਕ 'ਮੋਗਾ ਬੋਲਦਾ ਹੈ' 2004 ਵਿੱਚ ਪ੍ਰਕਾਸ਼ਿਤ ਹੋਈ ਸੀ। ਇਸ ਲਈ ਇਸ ਪੁਸਤਕ ਵਿੱਚ ਬਿਆਨ ਸਥਾਨ, ਜਗ੍ਹਾ ਤੇ ਇਮਾਰਤਾਂ ਬਾਰੇ 2004 ਅਨੁਸਾਰ ਹੀ ਲਿਖਿਆ ਗਿਆ ਹੈ। ਉਸ ਤੋਂ ਬਾਅਦ ਵਿੱਚ ਮੋਗਾ ਜ਼ਿਲ੍ਹੇ ਦੀਆਂ ਹੋਈਆਂ ਤਬਦੀਲੀਆਂ ਬਾਰੇ ਕੋਈ ਕਿੰਤੂ-ਪ੍ਰੰਤੂ ਨਹੀਂ ਕੀਤਾ ਜਾ ਸਕਦਾ। ਇਹ ਵੀ ਦੱਸਣਾ ਜ਼ਰੂਰੀ ਹੈ ਕਿ ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਜਾਂ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਪੁਸਤਕ ਵਿੱਚ ਪ੍ਰਕਾਸ਼ਿਤ ਲੇਖਕ ਦੇ ਆਪਣੇ ਨਿੱਜੀ ਵਿਚਾਰ ਅਸੀਂ ਇਸ ਪੁਸਤਕ ਨੂੰ ਬਿਨਾਂ ਕਿਸੇ ਕਾਟ-ਸ਼ਾਟ ਦੇ ਹੂ-ਬ-ਹੂ ਪ੍ਰਕਾਸ਼ਿਤ ਕਰ ਰਹੇ ਹਾਂ। -ਸੰਪਾਦਕ

**ਮੋਗਾ ਬੋਲਦਾ ਹੈ**

**ਕਾਂਡ ਨੰ. 6**

ਲੇਖਕ: ਸ. ਹਰਨੇਕ ਸਿੰਘ ਰੋਡੇ
ਪੇਸ਼ਕਸ਼: ਢਾਡੀ ਸਾਧੂ ਸਿੰਘ ਧੰਮੂ (ਮੋ. 98143-71922)

# ਮੋਗਾ ਗਿੱਲ ਦਾ ਮੁੱਢਲਾ ਇਤਿਹਾਸ

ਇਸ ਬੰਸ ਦਾ ਅਗਲਾ ਰਾਜਾ ਬਿਕ੍ਰਮਾ ਦਿੱਤ ਸੀ। ਉਜੈਨੀ ਦੀ ਜਿੱਤ ਸਮੇਂ ਇਸ ਰਾਜੇ ਦੇ ਉਮਰ 38 ਸਾਲ ਸੀ। ਇਸ ਰਾਜੇ ਨੇ 60 ਸਾਲ ਦੀ ਉਮਰ ਤੱਕ ਰਾਜ ਕੀਤਾ। ਇਸ ਤੋਂ ਉਪਰੰਤ ਇਸ ਦੇ ਪੁੱਤਰ ਧਰਮਾਦੱਤ ਨੇ 40 ਸਾਲ ਰਾਜ ਕੀਤਾ। ਇਸ ਦੇ ਰਾਜ ਵਿਚ ਪਰਜਾ ਬਹੁਤ ਸੁਖੀ ਸੀ। ਇਸ ਰਾਜੇ 374 ਬਿ. ਤੋਂ 414 ਬਿ. ਤੱਕ ਰਾਜ ਕੀਤਾ। ਇਸ ਬਲਵਾਨ ਰਾਜੇ ਨੇ 528 ਬਿ. ਵਿਚ ਹੂਨ ਕੌਮ ਨੂੰ ਬੜੀ ਬਹਾਦਰੀ ਨਾਲ ਹਾਰ ਦਿੱਤੀ।

ਇਸ ਬਿਕਰਮ ਬੰਸ ਦਾ ਆਖਰੀ ਰਾਜਾ ਸੀਲਦੱਤ ਸੀ। ਜਿਸਦੇ ਬ੍ਰਾਹਮਣ ਮੰਤਰੀ ਹੰਸ ਰਾਜ ਨੇ ਗੁਜਰਾਤ 'ਤੇ ਚੜ੍ਹਾਈ ਕਰ ਦਿੱਤੀ ਸੀ ਅਤੇ ਰਾਜ ਪੁਤਾਨੇ ਕਸ਼ਮੀਰ ਉਤੇ ਕਬਜ਼ਾ ਕਰ ਲਿਆ ਸੀ। ਆਪਣੇ ਪਿਤਾ ਪੁਰਖੀ ਹੱਕਾਂ ਨੂੰ ਪੱਕੇ ਪੈਰੀਂ ਕਰਦੀ ਇਹ ਬਿਕ੍ਰਮ ਬੰਸ ਸੈਂਕੜੇ ਉਚਾਣਾਂ ਨਿਵਾਣਾਂ ਵਿਚ ਦੀ ਲੰਘਦੀ ਹੋਰ ਅਨੇਕਾਂ ਸ਼ਾਖਾਵਾਂ ਦੇ ਰੂਪ ਵਿਚ ਇਸਨੇ ਆਪਣਾ ਰਾਜ ਕਾਇਮ ਕੀਤਾ।

ਇਸ ਹੀ ਬਿਕਰਮ ਬੰਸ ਵਿੱਚੋਂ ਇਕ ਤੂਰ (ਤੰਵਾਰ) ਕਬੀਲਾ ਹੋਂਦ ਵਿਚ ਆਇਆ। ਇਸ ਕਬੀਲੇ ਦਾ ਰਾਜ ਕਨੌਜ 'ਤੇ ਸੀ। ਇਸਨੇ ਬਾਦ ਵਿਚ ਦਿੱਲੀ 'ਤੇ ਵੀ ਰਾਜ ਕੀਤਾ। ਅਗਨੀਪਾਲ ਇਸ ਬੰਸ ਦਾ ਆਖਰੀ ਰਾਜਾ ਹੋਇਆ। ਇਸ ਅਗਨੀਪਾਲ ਰਾਜੇ ਨੇ ਨੌਂਵੀਂ ਸਦੀ ਵਿਚ ਦਿੱਲੀ ਨੂੰ ਨਵੇਂ ਸਿਰੇ ਤੋਂ ਨੌਂਵੀਂ ਵਾਰ ਦੁਬਾਰਾ ਆਬਾਦ ਕੀਤਾ ਸੀ। ਇਸ ਬੰਸ ਵਿਚ 19 ਰਾਜੇ ਹੋਏ ਹਨ। ਉਨੀਵਾਂ ਰਾਜਾ ਅਗਨੀਪਾਲ ਪੁੱਤਰਹੀਣ ਸੀ। ਇਸ ਅਗਨੀਪਾਲ ਰਾਜੇ ਨੇ 1070 ਈ. ਵਿਚ ਆਪਣੇ ਦੋਹਤੇ ਪ੍ਰਿਥੀ ਰਾਜ ਨੂੰ ਰਾਜ ਭਾਗ ਸੌਂਪ ਦਿੱਤਾ ਸੀ।

ਲੁਧਿਆਣਾ ਗਜਟ ਸਫ਼ਾ 148 ਅਨੁਸਾਰ ਇਸ ਕਰਕੇ ਹੀ ਗਿੱਲ ਗੋਤੀ ਆਪਣਾ ਪਿਛਾਰਾਜਾ ਪ੍ਰਿਥੀਪੱਤ ਨਾਲ ਜੋੜਦੇ ਹਨ। ਇਸ ਸੋਮੇਸਵਰ ਦੇਵ ਚੌਹਾਨ ਦੇ ਪੁੱਤਰ ਪ੍ਰਿਥਵੀ ਰਾਜ ਨੇ ਆਪਣੇ ਗੁਣਾਂ ਕਰਕੇ ਪਰਮਾਰ ਚੰਦੇਲਾਂ ਨੂੰ ਕਈ ਵਾਰ ਹਾਰ ਦਿੱਤੀ ਸੀ। ਇਸਦੇ ਰਾਜ ਵਿਚ ਗੜ੍ਹ, ਦਰੇੜ੍ਹਾ, ਲਊਹਾਰ, ਰਹਿਤਾਖ, ਹੰਸਾਰ ਅਤੇ ਸਰਸਾ ਪ੍ਰਸਿੱਧ ਨਗਰ ਕਈ ਉਪਰਾਜਧਾਨੀਆਂ ਸਨ। ਇਹ ਚੌਹਾਨ ਰਾਜਾ 1193 ਈ. ਵਿਚ ਤਰਾਵੜੀ ਜ਼ਿਲ੍ਹਾ ਕਰਨਾਲ ਦੇ ਮੈਦਾਨ ਵਿਚ ਮੁਹੰਮਦ ਗੌਰੀ ਤੋਂ ਹਾਰ ਗਿਆ ਸੀ ਅਤੇ ਇਸਦੀ ਮੌਤ ਹੋ ਗਈ ਸੀ।

## ਤੰਵਰ ਬੰਸ ਦੀ ਰਾਜਉਲੀ

ਅਨੰਗਪਾਲ, ਬਾਸਦੇਵ, ਘੰਗਨਵ, ਪ੍ਰਿਥੀਮੱਲ, ਜੈਦੇਵ, ਨਰਪਾਲ, ਅਵਧ, ਵਤਸਰਾਜ, ਬੀਕ, ਰਘੁਪਾਲ, ਨੇਕਪਾਲ, ਗੋਪਾਲ, ਸੁਲੱਖਣ, ਜੈਪਾਲ, ਕੰਵਰਪਾਲ, ਅਨੇਕਪਾਲ, ਵਿਜੇਪਾਲ, ਰਾਮਪਾਲ ਅਤੇ ਅਗਨੀਪਾਲ ਰਾਜਾ ਹੋਏ ਹਨ।

ਮਾਲਵਾ ਇਤਿਹਾਸ ਦੀ ਭੂਮਿਕਾ ਅਨੁਸਾਰ ਇਹਨਾਂ ਦੇ ਰਾਜ ਦਾ ਸਮਾਂ 361 ਸਾਲ 5 ਮਹੀਨੇ 17 ਦਿਨ ਲਿਖਿਆ ਹੈ।

ਇਸ ਬੰਸਾਵਲੀ ਵਿਚ ਅਗਲੀ ਰਾਜਾਸ਼ਾਹੀ ਬੰਸ-ਵਰਧਨ ਬੰਸ ਨਾਲ ਉਜਾਗਰ ਹੋਈ। ਇਹਨਾਂ ਨੇ ਪਹਿਲਾਂ ਨਗਰ ਕੋਟ, ਜਲੰਧਰ ਨਵੇਂ ਸਿਰੇ ਤੋਂ ਬਸਾ ਕੇ ਹੁਸ਼ਿਆਰਪੁਰ-ਲੁਧਿਆਣਾ ਦੇ ਰਸਤੇ ਕਰਨਾਲ ਰੋਹਤਕ ਤੋਂ ਪਰ੍ਹੇ ਤੱਕ ਆਪਣੀ ਚੌਧਰ ਕਾਇਮ ਕੀਤੀ। ਇਹਨਾਂ ਨੇ ਬੜੇ ਨਗਰ ਥਨੇਸਰ, ਕਿਲ੍ਹਾ ਪ੍ਰੀਛਤ ਗੜ੍ਹ, ਸਹਾਰਨਪੁਰ ਵਿਚ ਆਪਣੇ ਕਿਲ੍ਹੇ ਬਣਵਾਏ ਅਤੇ ਗੁਜਰਾਤ ਕਾਠੀਆਵਾੜ ਨੂੰ ਜਿੱਤ ਕੇ ਆਪਣੀਆਂ ਚੌਧਰਾਂ ਚਲਾਈਆਂ।

ਪ੍ਰਸੰਗ ਹਿਸਟਰੀ ਅਨੁਸਾਰ ਇਹ ਦੱਸਣਾ ਜ਼ਰੂਰੀ ਹੈ ਕਿ ਬਿਕ੍ਰਮ ਬੰਸ ਦਾ ਰਾਜ ਖਤਮ ਹੋਣ 'ਤੇ ਰਾਜ ਭਾਗ ਰਾਜੇ ਸਲਬਾਹਨ ਕੋਲ ਆ ਗਿਆ ਸੀ। ਪਰ ਰਾਜੇ ਸਲਬਾਹਨ ਦੀ ਰਾਜਨੀਤੀ ਨਿਰਾਲੀ ਸੀ। ਉਸਨੇ ਬਿਕ੍ਰਮ ਬੰਸ ਦੇ ਰਾਜ ਭਾਗ 'ਤੇ ਕਬਜ਼ਾ ਜ਼ਰੂਰ ਕਰ ਲਿਆ ਪਰ ਇਸ ਬੰਸ ਨੂੰ ਖਤਮ ਕਰਨ ਦੀ ਜਾਂ ਇਸ ਨੂੰ ਹਜ਼ਮ ਕਰਨ ਦੀ ਉਸ ਦੀ ਯੋਜਨਾ ਨਹੀਂ ਸੀ। 70 ਸਾਲ ਦੇ ਲਗਭਗ ਇਸਨੇ ਰਾਜ ਕੀਤਾ।

ਵਰਧਨ ਬੰਸ ਗੁਜਰਾਤੀ ਓਲਿਕਰ ਸਾਖ਼ ਜੋ ਆਪਣੇ ਆਪ ਨੂੰ ਸੂਰਜ ਬੰਸੀ ਅਖਵਾਉਂਦੇ ਸਨ ਤੇ ਸੂਰਜ ਦੀ ਪੂਜਾ ਕਰਦੇ ਸਨ, ਇਹਨਾਂ ਵਿਚੋਂ ਦੁਰਲਭ ਵਰਧਨ ਦਾ ਪੁੱਤਰ ਯਸੋਧਰਸਨ ਮਹਾਂਯੋਧਾ ਬੜਾ ਪ੍ਰਤਾਪੀ ਰਾਜਾ ਹੋਇਆ। ਇਸਨੇ ਗੁਜਰਾਤ ਤੋਂ ਉੱਠ ਕੇ ਉਜੈਨ, ਰਾਜਸਥਾਨ, ਮੁਲਤਾਨ ਤੱਕ ਆਪਣਾ ਪੱਕਾ ਰਾਜ ਕਾਇਮ ਕੀਤਾ।

ਜਦੋਂ 528 ਵਿਚ ਹੂੰਨ ਕੌਮ ਤੀਜੀ ਵਾਰ ਭਾਰਤ 'ਤੇ ਫਿਰ ਚੜ੍ਹ ਕੇ ਆਏ ਤਾਂ ਇਸ ਰਾਜੇ ਨੇ ਮੁਲਤਾਨ ਕੋਲਹੂਨਾਂ ਅਤੇ ਮਾਨਾਂ ਨੂੰ ਭਾਰੀ ਹਾਰ ਦਿੱਤੀ ਅਤੇ ਸੁਕਾਈ ਦੀ ਉਪਾਧੀ ਪ੍ਰਾਪਤ ਕੀਤੀ ਸੀ।

532 ਈ. ਵਿਚ ਇਸ ਰਾਜੇ ਨੇ ਕਨੌਜ 'ਤੇ ਚੜ੍ਹਾਈ ਕੀਤੀ ਅਤੇ ਉਸ ਤੇ ਕਬਜ਼ਾ ਕਰਕੇ ਆਪਣੀ ਰਾਜਧਾਨੀ ਸਥਾਪਿਤ ਕੀਤੀ ਅਤੇ ਇਥੇ ਸੰਮਤ ਵਿਸ਼ਨੂੰ ਵਰਧਨ ਨੂੰ ਆਪਣਾ ਪ੍ਰਤੀਨਿਧ ਥਾਪ ਕੇ ਉਸ ਨੂੰ ਰਾਜ ਅਧਿਕਾਰ ਦਿੱਤੇ ਸਨ।

ਵਿਸ਼ਨੂੰ ਵਰਧਨ ਦੀ ਪਰਮਾਰ ਰਾਜਾ ਨਾਲ ਥਾਨੇਸਰ ਦੇ ਸਥਾਨ 'ਤੇ ਘਮਸਾਨ ਦੀ ਲੜਾਈ ਹੋਈ ਅਤੇ ਵਿਸ਼ਨੂੰ ਵਰਧਨ ਲੜਾਈ ਵਿਚ ਮਾਰਿਆ ਗਿਆ। ਇਹ ਘਟਨਾ 560 ਈ. ਦੀ ਹੈ।

ਇਸ ਤੋਂ ਅਗਲਾ ਰਾਜਾ ਪ੍ਰਭਾਕਰ ਵਰਧਨ ਵਿਸ਼ਨੂੰ ਵਰਧਨ ਦਾ ਪੁੱਤਰ ਰਾਜਾ ਹੋਇਆ। ਹੂੰਨਾਂ ਮਾਨਾਂ ਨੂੰ ਪ੍ਰਭਾਕਰ ਵਰਧਨ ਤੋਂ ਬਹੁਤ ਦੁੱਖ ਪਾਉਣਾ ਪਿਆ। ਇਸ ਰਾਜੇ ਨੂੰ ਪਰਜਾ ਨੇ ਆਪਣੇ ਬਚਾਉ ਲਈ ਆਪਣਾ 'ਰਾਜਧਿਰਾਜ' ਵੀ ਸਵੀਕਾਰ ਕਰ ਲਿਆ ਸੀ। ਇਸ ਪ੍ਰਤਾਪੀ ਰਾਜੇ ਨੂੰ ਦੇਵੀ ਤੋਂ ਕ੍ਰਿਪਾਨ ਅਤੇ ਵਰ ਪ੍ਰਾਪਤ ਹੋਇਆ ਸੀ ਕਿ ਤੁਹਾਡੀ ਬੰਸ ਵਿੱਚੋਂ ਪ੍ਰਤਾਪੀ ਰਾਜੇ ਪੈਦਾ ਹੋਣਗੇ। ਇਹ ਵਾਣਭੱਟ ਦੇ 'ਹਰਸ ਚਰਿੱਤਰ' ਵਿਚ ਲਿਖਿਆ ਹੋਇਆ ਹੈ।

ਇਸ ਬੰਸ ਨੇ ਗੁਜਰਾਤ ਵਿਚ ਬਹੁਤ ਚਿਰ ਰਾਜ ਕੀਤਾ ਹੈ। ਗੁਜਰਾਤ ਵਿਚ ਰਹਿਣ ਕਰਕੇ ਇਸਨੂੰ ਗੁੱਜਰ ਆਖਿਆ ਜਾਂਦਾ ਹੈ। ਇਹ ਗੁੱਜਰ ਕੌਮ ਸੂਰਜ ਵੰਸ਼ ਤੋਂ ਵੱਖਰੀ ਨਹੀਂ ਹੈ। ਜਿਵੇਂ ਕੋਈ ਜੱਟ ਪੰਜਾਬੀ ਹੋਰ ਕਿਸੇ ਪ੍ਰਾਂਤ ਵਿਚ ਰਹਿਣ ਕਰਕੇ ਕੋਈ ਹੋਰ ਨਹੀਂ ਬਣ ਜਾਂਦਾ, ਉਸ ਤਰ੍ਹਾਂ ਹੀ ਗੁਜਰਾਤ ਦੇਸ਼ ਤੋਂ ਆਏ ਹੋਣ ਕਰਕੇ ਗੁਜਰਾਤੀ ਵਰਧਨ ਸੂਰਜਬੰਸੀ ਹੀ ਹਨ। ਵਰਧਨ ਇਹਨਾਂ ਦੇ ਪਹਿਲੇ ਰਾਜੇ ਦੇ ਨਾਮ 'ਤੇ ਹੀ ਪਿਆ ਹੈ। ਇਹ ਮਨੁੱਖੀ ਨਾਮ ਹੀ ਹਨ। ਸੰਘਿਆ ਦੇਸ ਕ੍ਰਿਤ ਹੈ, ਬੰਸ ਕ੍ਰਿਤ ਨਹੀਂ।

ਉਂਜ ਵੀ ਜੇਕਰ ਗੁੱਜਰ ਸ਼ਬਦ ਦਾ ਸੰਧੀ ਛੇਦ ਕਰੀਏ ਤਾਂ ਗੁ+ਜਰ, ਗੁ ਭਾਵ ਪ੍ਰਿਥਵੀ ਜਾਂ ਗਊ, ਜਰ ਭਾਵ ਸ਼ਿੰਗਾਰਨਾ ਜਾਂ ਗਊ ਨੂੰ ਸ਼ਿਗਾਰਨ ਵਾਲੀ ਕੌਮ, ਗਊ ਭਾਵ ਧਰਤੀ ਜਾਂ ਧਰਤੀ ਨੂੰ ਸੰਵਾਰਨ ਵਾਲੀ ਕੌਮ।

ਜਿਵੇਂ ਗਿੱਲ ਵਰਯਾਹ ਰਾਜਪੂਤ ਵੰਸ਼ ਹੈ ਪਰ ਇਸ ਵਿਚ ਗਿੱਲ, ਗੰਡੂ, ਝੱਜ, ਜੋਜੀ ਬਿਨੈਪਾਲ ਹਨ।

ਇਸ ਵਰਧਨ ਬੰਸ ਵਿੱਚੋਂ ਇਕ ਹੋਰ ਪ੍ਰਤਾਪੀ ਰਾਜਾ ਹਰਸ਼ਵਰਧਨ ਹੋਇਆ। ਉਸ ਸਮੇਂ ਦੇ ਲਿਖਾਰੀਆਂ ਨੇ ਹਰਸ਼ਵਰਧਨ ਦੇ ਰਾਜ ਭਾਗ ਦੀ ਤੁਲਨਾ ਰਾਜਾ ਹਰੀਚੰਦ ਨਾਲ ਕੀਤੀ ਹੈ। ਇਸ ਰਾਜੇ ਨੇ ਆਪਣੇ ਰਾਜ ਦੀਆਂ ਹੱਦਾਂ ਗੁਜਰਾਤ, ਰਾਜਸਥਾਨ, ਰਾਜਸਥਾਨ, ਉਜੈਨ ਨਾਟ ਤੱਕ ਵਧਾਈਆਂ ਸਨ। ਹਰਸ਼ਵਰਧਨ ਨੇ 16 ਸਾਲ ਦੀ ਉਮਰ ਵਿਚ ਰਾਜ ਗੱਦੀ ਪ੍ਰਾਪਤ ਕੀਤੀ ਸੀ। ਇਹ ਬੋਧੀ ਰਾਜਾ ਹੋਇਆ ਹੈ। ਵਾਣ ਭੱਟ ਦੀ ਲਿਖਤ ਅਨੁਸਾਰ ਬੋਧੀ ਰਾਜੇ ਦੇ ਰਾਜ ਭਾਗ ਵਿਚ ਬ੍ਰਾਹਮਣੀ ਮੱਤ ਵੀ ਬੜੀ ਸੁੱਖ ਸ਼ਾਂਤੀ ਨਾਲ ਰਹਿੰਦੀ ਸੀ। ਸੁੱਖ ਸੰਪੱਤੀ ਦੀ ਵਿਸ਼ੇਸ਼ ਬ੍ਰਿਧੀ ਵਾਲੇ ਰਾਜੇ ਨੇ ਆਪ ਸੰਸਕ੍ਰਿਤ ਵਿਚ ਤਿੰਨ ਨਾਟਕਾਂ ਦੀ ਰਚਨਾ ਕੀਤੀ ਸੀ : ਰਤਨਾਵਲੀ, ਪ੍ਰਿਯਦਰਸ਼ਿਕਾ ਅਤੇ ਨਾਗਾਨੰਦ।

ਇਸ ਤੋਂ ਅੱਗੇ ਸੂਰਜ ਬੰਸ ਵਿੱਚੋਂ ਹੀ ਵਰਯਾਹ ਬੰਸ ਚੱਲੀ। ਜਿਸ ਦਾ ਰਾਜਾ ਵਰਯਾਹ ਬੜਾ ਸੂਰਬੀਰ ਰਾਜਾ ਸੀ। ਇਸ ਦੇ ਅਧੀਨ ਪਿਸ਼ੌਰ ਤੱਕ ਦਾ ਸਾਰਾ ਪੰਜਾਬ ਸੀ।

ਇਸ ਬੰਸ ਦਾ ਅਗਲਾ ਰਾਜਾ ਤਾਸ਼ਕਮਾਸ ਵਰਯਾਹ ਹੋਇਆ। ਇਹ ਰਾਜਾ ਬਿਕ੍ਰਮਾਦਿੱਤ ਦੀ 26ਵੀਂ ਪੀੜ੍ਹੀ ਵਿੱਚੋਂ ਸੀ (ਬਾਕੀ ਰਾਜਿਆਂ ਦਾ ਹਾਲ ਲੱਭਣ 'ਤੇ ਪ੍ਰਾਪਤ ਨਹੀਂ ਹੋਇਆ)। ਇਸ ਵਰਯਾਹ ਬੰਸ ਦੀਆਂ ਪ੍ਰਾਪਤੀਆਂ ਕਰਕੇ ਹੀ ਅੱਗੇ ਇਸ ਵਿੱਚੋਂ ਪਾਸ ਬੰਸ ਚੱਲੀ, ਜਿਸ ਵਿਚ ਜਿੱਤਾਂ ਪ੍ਰਾਪਤੀਆਂ ਦਾ ਬਹੁਤ ਵੱਡਾ ਇਤਿਹਾਸ ਹੈ। ਇਸਦੀਆਂ ਸਰਹੱਦਾਂ ਉਜੈਨ, ਜੋਧਪੁਰ, ਕਾਠੀਆਵਾੜ, ਬੀਕਾਨੇਰ ਨੂੰ ਜਾ ਮਿਲਦੀਆਂ ਸਨ।

ਇਸ ਤੋਂ ਅੱਗੇ ਇਸੇ ਸੂਰਜ ਬੰਸ ਦੀ ਪਾਲ ਬੰਸਾਵਲੀ ਸ਼ੁਰੂ ਹੁੰਦੀ ਹੈ। ਇਸ ਬੰਸ ਦਾ ਰਾਜਾ ਅਜੇਪਾਲ ਹੋਇਆ। ਇਸ ਨੇ ਚੜ੍ਹਦੇ ਸੂਰਜ ਵਾਂਗ ਆਪਣੀ ਰੋਸ਼ਨੀ ਖਿਲਾਰੀ ਸੀ। ਆਪਣਾ ਸ਼ਾਹੀ ਸੰਗਠਨ ਮਜ਼ਬੂਤ ਕੀਤਾ ਅਤੇ ਆਪਣੇ ਰਾਜ ਦੀਆਂ ਹੱਦਾਂ ਨੂੰ ਨਾ ਇਸਨੇ ਵਧਾਇਆ ਅਤੇ ਨਾ ਹੀ ਦੁਸ਼ਮਣ ਨੂੰ ਆਪਣੀਆਂ ਹੱਦਾਂ ਅੰਦਰ ਆਉਣ ਦਿੱਤਾ।

ਇਸ ਤੋਂ ਅਗਲਾ ਰਾਜਾ ਅਭੈਪਾਲ ਹੋਇਆ। ਇਸ ਦੀਆਂ ਜਿੱਤਾਂ ਪ੍ਰਾਪਤੀਆਂ ਦਾ ਵਰਨਣ ਕੋਈ ਜ਼ਿਆਦਾ ਨਹੀਂ ਹੈ।

ਇਸ ਬੰਸ ਦਾ ਅਗਲਾ ਰਾਜਾ ਬਿਨੈਪਾਲ ਹੋਇਆ। ਇਸਨੂੰ ਗਜਨੀ ਦਾ ਹਿੰਦੂ ਰਾਜਾ ਵੀ ਆਖਿਆ ਜਾਂਦਾ ਹੈ। ਬਿਨੈਪਾਲ ਨੇ ਪੰਜਾਬ ਤੇ ਹਮਲਾ ਕਰਕੇ ਦੂਰ-ਦੂਰ ਤੱਕ ਦੇ ਇਲਾਕਿਆਂ ਨੂੰ ਆਪਣੇ ਕਬਜ਼ੇ ਵਿਚ ਕੀਤਾ। ਸੂਬਾ ਭਟਨੇਰ ਨੂੰ ਆਪਣੀ ਰਾਜਧਾਨੀ ਬਣਾ ਕੇ ਇਕ ਕਿਲ੍ਹਾ ਤਿਆਰ ਕਰਵਾਇਆ। ਇਸ ਦਾ ਰਾਜ ਪਿਸ਼ੌਰ ਤੱਕ ਦੀਆਂ ਹੱਦਾਂ ਵਾਲਾ ਵਿਸ਼ਾਲ ਪੰਜਾਬ ਰਾਜ ਸੀ। ਇਸ ਬਿਨੈਪਾਲ ਦੇ ਰਾਜ ਵਿਚ ਸਰਹਿੰਦ ਅਤੇ ਮਾਂਡਲਿਕ ਛੋਟੇ ਰਾਜੇ ਅਨੂਰ ਲਿੱਛ ਬੇਦੀ, ਥਾਨੇਸਰ, ਪਾਇਲ ਅਤੇ ਲਾਹੌਰ ਵਿਚ ਇਕ ਸ਼ਾਹੀ ਕਿਲ੍ਹਾ ਵੀ ਸੀ ਜਿਸਨੂੰ ਇਸ ਬਿਨੈਪਾਲ ਨੇ ਪ੍ਰਤੀਨਿਧ ਰਾਜਧਾਨੀ ਬਣਾਇਆ ਹੋਇਆ ਸੀ। ਰਾਜਾ ਬਿਨੈਪਾਲ ਦੇ ਪੰਜਾਬ ਦੇ ਹਮਲਿਆਂ ਵਿਚ ਬਠਿੰਡੇ ਦੇ ਹਮਲੇ ਦਾ ਖਾਸ ਜ਼ਿਕਰ ਹੈ। ਇਸ ਹਮਲੇ ਵਿਚ ਰਾਜਾ ਬਿਨੈਪਾਲ ਦੀ ਭੱਟੀਆਂ ਨਾਲ ਪੂਰੀ ਖਹਿ ਕੇ ਲੜਾਈ ਹੋਈ ਅਤੇ ਇਸ ਰਾਜੇ ਨੇ ਭੱਟੀਆਂ ਨੂੰ ਬਠਿੰਡੇ ਵਿਚੋਂ ਭਜਾ ਦਿੱਤਾ ਸੀ।

ਭੱਟੀਆਂ ਨੇ ਬਠਿੰਡੇ ਨੂੰ 600 ਈ. ਵਿਚ ਵਸਾਇਆ ਸੀ। ਇਹਨਾਂ ਭੱਟੀਆਂ ਨੇ ਬਠਿੰਡੇ ਵਿਚ ਸਤਲੁਜ ਦਰਿਆ ਦੇ ਕਿਨਾਰੇ ਇਕ ਕਿਲ੍ਹੇ ਦੀ ਨੀਂਹ ਰੱਖੀ ਸੀ। ਜਿਸਦੀ ਪਹਿਲੀ ਇੱਟ ਬਾਲਾਨੰਦ ਭੱਟੀਆਣ ਨੇ ਰੱਖੀ ਸੀ। ਪਰ ਇਹ ਭੱਟੀ ਲੜਾਈਆਂ ਭੜਾਈਆਂ ਵਿਚ ਉਲਝੇ ਰਹੇ ਅਤੇ ਇਸ ਕਿਲ੍ਹੇ ਨੂੰ ਪੂਰਨ ਮੁਕੰਮਲ ਨਾ ਕਰਾ ਸਕੇ। 644 ਈ. ਵਿਚ ਇਹ ਬਠਿੰਡਾ ਰਾਜ ਬਿਨੈਪਾਲ ਦੇ ਕਬਜ਼ੇ ਵਿਚ ਆ ਗਿਆ। ਇਸ ਰਾਜਾ ਬਿਨੈਪਾਲ ਨੇ ਬਠਿੰਡੇ ਨੂੰ ਕਬਜ਼ੇ ਵਿਚ ਲੈ ਕੇ ਇਸ ਤੋਂ ਦੂਰ ਤੱਕ ਦੇ ਖਿੱਤੇ ਨੂੰ ਵੀ ਆਪਣੇ ਅਧੀਨ ਕੀਤਾ ਅਤੇ ਇਸ ਬਠਿੰਡੇ ਨੂੰ ਆਪਣੀ ਰਾਜਧਾਨੀ ਬਣਾਇਆ। ਬਠਿੰਡੇ ਵਾਲੇ ਕਿਲ੍ਹੇ ਨੂੰ ਮੁਕੰਮਲ ਕਰਕੇ ਇਸਦਾ ਨਾਂ ਆਪਣੇ ਬਜ਼ੁਰਗਾਂ ਦੇ ਨਾਮ 'ਤੇ 'ਬਿਕ੍ਰਮ ਗੜ੍ਹ' ਰੱਖਿਆ ਅਤੇ ਮਾਲਵੇ 'ਤੇ ਵੀ ਆਪਣਾ ਰਾਜ ਕਾਇਮ ਕੀਤਾ। ਬਿਕ੍ਰਮ ਗੜ੍ਹ ਕ੍ਰਿ ਦੀ ਉਚਾਈ 118 ਫੁੱਟ ਹੈ (ਇਹ ਭਾਈ ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ ਅਨੁਸਾਰ ਹੈ) ਇਹ ਕਿਲ੍ਹਾ ਅਜੇ ਵੀ ਖ਼ਸਤਾ ਹਾਲਤ ਵਿਚ ਖੜ੍ਹਾ ਹੈ।

ਰਾਜਾ ਬਿਨੈਪਾਲ ਦੇ ਪੁੱਤਰਾਂ ਦੀ ਗਿਣਤੀ ਬਾਰੇ ਪੂਰਾ ਰਿਕਾਰਡ ਮਿਲ ਨਹੀਂ ਰਿਹਾ ਪਰ ਛੇ ਪੁੱਤਰਾਂ ਦੇ ਨਾਮ ਇਸ ਪ੍ਰਕਾਰ ਹਨ : ਲਖਨਪਾਲ, ਪਰਮਾ, ਸੁੰਧਰ, ਮੋੜ, ਨਈ ਤੇ ਉਦਾਸੀ।

ਬਿਨੈਪਾਲ ਦੇ ਪੁੱਤਰਾਂ ਵਿੱਚੋਂ ਰਾਜ ਸੱਤਾ ਲਖਨਪਾਲ ਦੇ ਹੱਥ ਆਈ। ਲਖਨਪਾਲ ਦਾ ਪੁੱਤਰ ਰਤਨਪਾਲ ਤੇ ਉਸਦਾ ਨਯਪਾਲ ਤੇ ਉਸਦਾ ਵਿਜੇਪਾਲ ਤੇ ਉਸਦਾ ਪੁੱਤਰ ਜਸਪਾਲ ਤੇ ਉਸਦਾ ਸੱਤਪਾਲ ਅਤੇ ਉਸਦਾ ਪੁੱਤਰ ਗਣਪਾਲ ਅਤੇ ਇਸ ਦਾ ਪੁੱਤਰ ਗਿੱਲਪਾਲ ਹੋਇਆ। ਇਸ ਬੰਸ ਦੇ ਪਿਛੇਤਰ 'ਪਾਲ' ਲੱਗਦਾ ਹੈ ਜੋ ਪਿਤਾ ਪੁਰਖੀ ਗੋਤ ਦਾ ਨਾਮ ਹੈ। ਇਸ ਗਿੱਲ ਤੋਂ ਹੀ ਗਿੱਲ ਗੋਤ ਸ਼ੁਰੂ ਹੋਇਆ ਜੋ ਆਪਣੀ ਸ਼ਾਨੋ-ਸ਼ੌਕਤ ਨਾਲ ਆਪਣੇ ਪੂਰੇ ਜਾਹੋ ਜਲਾਲ ਵਿਚ ਹੈ।

ਇਸ ਗਿੱਲਪਾਲ ਰਾਜੇ ਦੇ ਜਨਮ ਸਬੰਧੀ ਅਤੇ ਇਸ ਗੋਤ ਗਿੱਲ ਸਬੰਧੀ ਲੇਖਕਾਂ, ਬੁੱਧੀਜੀਵੀਆਂ, ਖੋਜਕਾਰਾਂ ਦੀਆਂ ਅਨੇਕਾਂ ਹੀ ਦਲੀਲਾਂ, ਵਿਚਾਰਾਂ ਸਾਖੀਆਂ ਹਨ। ਕਈ ਆਪਣੇ ਇਤਿਹਾਸਕ ਤੱਥਾਂ ਨਾਲ ਮੁਕੰਮਲ ਹਨ ਅਤੇ ਕਈ ਸੁਣੀਆਂ ਸੁਣਾਈਆਂ ਸਹਿਸੀ ਮਰਾਸੀਆਂ ਦੀ ਜ਼ੁਬਾਨੀ ਹਨ। ਪਹਿਲਾਂ ਅਸੀਂ ਗਿੱਲ ਗੋਤ ਬਾਰੇ ਵਿਚਾਰ ਕਰਾਂਗੇ ਕਿ ਇਸਦਾ ਪੁਰਾਤਨ ਪਿਛੋਕੜ ਕਿਸ ਹਕੀਕਤ ਨਾਲ ਜੁੜਿਆ ਹੋਇਆ ਹੈ।

ਜਦ ਅਸੀਂ ਗਿੱਲ ਬਾਰੇ ਆਪਣੀ ਖੋਜ ਨੂੰ ਅੱਗੇ ਤੋਰਦੇ ਹਾਂ ਤਾਂ ਸਾਨੂੰ ਇਹ ਗਿੱਲ ਸ਼ਬਦ ਦੁਨੀਆਂ ਦੇ ਅਨੇਕਾਂ ਭਾਗਾਂ ਨਾਲ ਜੁੜਿਆ ਮਿਲਦਾ ਹੈ। ਇਸਦੀ ਵਿਸ਼ਾਲਤਾ ਦੁਨੀਆਂ ਦੇ ਅਨੇਕਾਂ ਦੇਸ਼ਾਂ ਨੂੰ ਆਪਣੀ ਜਕੜ ਵਿਚ ਲੈ ਲੈਂਦੀ ਹੈ।

ਗਲੌਸਰੀ ਆਫ ਦੀ ਟਰਾਈਬਜ਼ ਐਂਡ ਕਾਸਟਸ ਵਾਲਿਊਮ - 1 ਪੇਜ 30 ਅਨੁਸਾਰ ਕੈਸਪੀਅਨ ਸਾਗਰ ਜਿਸਦਾ ਪਹਿਲਾ ਨਾਮ 'ਸੀ-ਆਫ ਗਿਲਨ' ਸੀ ਅਤੇ ਬਾਦ ਵਿਚ 'ਸੀ ਆਫ ਵਿਰਕਾ' ਪੈ ਗਿਆ। ਇਸ ਤੋਂ ਬਦਲ ਕੇ ਕੈਸਪੀਅਨ ਸਾਗਰ ਪਿਆ। ਇਸ ਸਾਗਰ ਦੇ ਆਸ ਪਾਸ ਗਿੱਲ ਜੱਟ ਆਬਾਦ ਸਨ।

ਗਲੌਸਰੀ ਆਫ ਦੀ ਟਰਾਈਬਜ਼ ਐਂਡ ਕਾਸਟਸ ਵਾਲਿਊਮ 10 ਪੇਜ 420 ਅਤੇ 421 ਅਨੁਸਾਰ ਯੂਰਪ ਵਿਚ ਵਿਗਸੇ ਪ੍ਰਸਿੱਧ ਗਿੱਲਾਂ ਬਾਰੇ ਲਿਖਿਆ ਮਿਲਦਾ ਹੈ ਕਿ ਗਿੱਲ ਪੋਲੋਗਾਸਟਰ ਸਪੇਨ ਦਾ ਕਵੀ ਸੀ। ਜੋਸ ਮੋਰੀਆ, ਗਿੱਲ ਰੋਬਨਸ ਆਦਿ ਵੀ ਸਪੇਨ ਦਾ ਗਿੱਲ ਸਿਆਸਤਦਾਨ ਸੀ। ਜੈਮਜ ਗਿੱਲ ਰੇ ਇਕ ਅੰਗਰੇਜ਼ੀ ਕਾਰਟੂਨਿਸਟ ਸਨ। ਏਰਕ ਗਿੱਲ ਇੰਗਲਿਸ਼ ਬੁੱਤਘਾੜਾ ਅਤੇ ਗਿੱਲ ਮੋਰ ਇਕ ਯੂਰਪੀ ਲਿਖਾਰੀ ਸੀ।

ਯੂ.ਐਸ.ਏ. ਵਿਚ ਇਕ ਦਰਿਆ ਦਾ ਨਾਮ ਗਿੱਲ ਗਾਲ ਹੈ। ਪੂਰਬੀ ਏਸ਼ੀਆ ਵਿਚ ਅਜੇ ਵੀ ਗਿੱਲ ਯਾਕ ਲੋਕ ਆਬਾਦ ਹਨ।

ਇਕ ਥਾਂ ਇਹ ਵੀ ਲਿਖਿਆ ਮਿਲਦਾ ਹੈ ਕਿ ਗਿੱਲਾਂ ਦੀਆਂ ਮੂਹੀਆਂ ਤਾਂ ਇਸ ਗਿੱਲ ਗੋਤ ਤੋਂ ਪਹਿਲਾਂ ਹੀ ਪ੍ਰਚਲਿਤ ਹੋ ਚੁੱਕੀਆਂ ਸਨ। ਗਿੱਲ ਦੇ ਪਿਤਾ ਗਣਪਾਲ ਨੇ ਇਸ ਗਿੱਲ ਪੁੱਤਰ ਦਾ ਨਾਮ ਆਪਣੇ ਪੁਰਾਤਨ ਗਿੱਲ ਗਿੱਟ ਕਬੀਲੇ ਦੀਆਂ ਕੁਰਬਾਨੀਆਂ ਨੂੰ ਮੁੱਖ ਰੱਖ ਕੇ ਹੀ ਰੱਖਿਆ ਸੀ।

ਇਹਨਾਂ ਗਿੱਲ ਗਿੱਟਾਂ ਦੀਆਂ ਪੁਰਾਣੀਆਂ ਬਹਾਦਰੀਆਂ ਵਰਨਣਯੋਗ ਹਨ। ਕਰਬਲਾਂ ਦੀ ਲੜਾਈ 680 ਈ. ਵਿਚ ਹੋਈ ਸੀ। ਉਦੋਂ ਗਿੱਲ ਕਬੀਲੇ 'ਕੋਸਰੇਵਾ' ਦੇ ਬਾਪ 'ਕੇ-ਕਾਸ' ਦੀ ਫੌਜ ਵਿਚ ਭਰਤੀ ਸਨ। ਗਿੱਲ ਗਿੱਟਾਂ ਦੀ ਬਹਾਦਰੀ ਵੇਖ ਕੇ ਰਾਜਾ ਕੇ-ਕਾਸ ਨੇ ਇਹਨਾਂ ਨੂੰ ਪਹਾੜੀ ਇਲਾਕੇ ਵਿਚ ਵਸਣ ਲਈ ਥਾਂ ਦੇ ਦਿੱਤੀ। ਗਿੱਲ ਗਿੱਟਾਂ ਨੇ ਆਪਣੀ ਬਹਾਦਰੀ ਦੀ ਐਸੀ ਧਾਂਕ ਜਮਾਈ ਸੀ ਕਿਂ ਗੱਲ ਗਿੱਟਾਂ ਨੇ ਪਹਾੜੀ ਇਲਾਕੇ ਨੂੰ ਆਪਣਾ ਨਾਮ ਗਿੱਲ ਗਿੱਟ ਕਰਕੇ ਮਸ਼ਹੂਰ ਕਰ ਲਿਆ ਸੀ।

ਇਸ ਗਿੱਲ ਦੇ ਜਨਮ ਸਬੰਧੀ ਵੀ ਅਨੇਕਾਂ ਕਥਾ-ਕਹਾਣੀਆਂ ਹਨ। ਜੋ ਪਿਛਾਂਹ ਖਿੱਚੂ ਹੋਣ ਦੇ ਨਾਲ-ਨਾਲ ਪੁਰਾਤਨ ਸਮੇਂ ਦੇ ਰਾਜਿਆਂ ਅਤੇ ਲਾਗੀਆਂ ਦੀ ਸੋਚ ਤੋਂ ਵੀ ਸਾਨੂੰ ਜਾਣੂ ਕਰਾਉਂਦੀਆਂ ਹਨ।

(ਚੱਲਦਾ)